# ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ
# Hepatitis B Immune Globulin

## ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਕੀ ਹੈ?

ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਹੈਪਾਟਾਈਟਿਸ ਬੀ ਇਨਫੈਕਸ਼ਨ ਤੋਂ ਝਟਪਟ ਤੇ ਥੋੜੇ ਚਿਰ ਲਈ ਬਚਾਅ ਮੁਹੱਈਆ ਕਰਦਾ ਹੈ। ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਵਿਚ ਹੈਪਾਟਾਈਟਿਸ ਬੀ ਐਂਟੀਬਾਡੀਜ਼ ਵੱਡੀ ਮਾਤਰਾ ਵਿਚ ਮੌਜੂਦ ਹੁੰਦੀਆਂ ਹਨ ਜੋ ਦਾਨ ਕੀਤੇ ਗਏ ਮਨੁੱਖੀ ਖ਼ੂਨ ਵਿਚੋਂ ਲਈਆਂ ਗਈਆਂ ਹੁੰਦੀਆਂ ਹਨ। ਐਂਟੀਬਾਡੀਜ਼ ਐਸੀਆਂ ਪ੍ਰੋਟੀਨਜ਼ ਹਨ ਜਿਨ੍ਹਾਂ ਨੂੰ ਵਿਅਕਤੀ ਦਾ ਇਮਿਊਨ ਸਿਸਟਮ ਜਰਮਾਂ ਜਿਵੇਂ ਕਿ ਬੈਕਟੀਰੀਆ ਅਤੇ ਹੈਪਾਟਾਈਟਿਸ ਬੀ ਜਿਹੇ ਵਾਇਰਸ ਨਾਲ ਲੜਣ ਲਈ ਬਣਾਉਂਦਾ ਹੈ।

ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਹੈਲਥ ਕੈਨੇਡਾ ਦੁਆਰਾ ਪ੍ਰਵਾਨਿਤ ਹੈ।

## ਕੀ ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਸੁਰੱਖਿਅਤ ਹੈ?

ਹਾਂ, ਕੈਨੇਡੀਅਨ ਬਲੱਡ ਸਰਵਿਸਿਜ਼ ਹਰ ਇੱਕ ਖ਼ੂਨ ਦਾਨ ਦੀ ਪੁਣਛਾਣ ਅਤੇ ਟੈੱਸਟ ਕਰਦਾ ਹੈ। ਜਦੋਂ ਤੋਂ ਖ਼ੂਨ ਦੀ ਪੁਣਛਾਣ ਅਤੇ ਟੈੱਸਟ ਸ਼ੁਰੂ ਹੋਏ ਹਨ, ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਲੈਣ ਵਾਲੇ ਵਿਅਕਤੀਆਂ ਵਿਚ ਖ਼ੂਨ ਰਾਹੀਂ ਹੋਣ ਵਾਲੀਆਂ ਇਨਫੈਕਸ਼ਨਜ਼ ਜਿਵੇਂ ਐੱਚ.ਆਈ.ਵੀ. ਜਾਂ ਹੈਪਾਟਾਈਟਿਸ ਬੀ ਦੀਆਂ ਕੋਈ ਰਿਪੋਰਟਾਂ ਨਹੀਂ ਮਿਲੀਆਂ।

## ਕਿਸ ਨੂੰ ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਲੈਣਾ ਚਾਹੀਦਾ ਹੈ?

ਜੇਕਰ ਤੁਸੀਂ ਹੈਪਾਟਾਈਟਿਸ ਬੀ ਵਾਇਰਸ ਦੇ ਸੰਪਰਕ ਵਿਚ ਆ ਗਏ ਹੋ, ਅਤੇ ਪਹਿਲਾਂ ਕਦੇ ਹੈਪਾਟਾਈਟਿਸ ਬੀ ਵੈਕਸੀਨ ਨਹੀਂ ਲਵਾਇਆ ਹੋਇਆ ਤਾਂ ਤੁਹਾਨੂੰ ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਦੀ ਇੱਕ ਖ਼ੁਰਾਕ ਜਾਂ ਟੀਕਾ ਲੈਣਾ ਚਾਹੀਦਾ ਹੈ।

ਹੈਪਾਟਾਈਟਿਸ ਬੀ ਵਾਇਰਸ ਨਾਲ ਸੰਪਰਕ ਹੋਣ ਤੋਂ ਬਾਦ ਜਿੰਨੀ ਛੇਤੀ ਸੰਭਵ ਹੋ ਸਕੇ ਅਤੇ 14 ਦਿਨਾਂ ਦੇ ਅੰਦਰ ਜੇ ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਦਿੱਤਾ ਜਾਵੇ ਤਾਂ ਸਭ ਤੋਂ ਚੰਗੀ ਤਰ੍ਹਾਂ ਕੰਮ ਕਰਦਾ ਹੈ।

ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਦੀ ਹੇਠ ਲਿਖੇ ਲੋਕਾਂ ਲਈ ਸਿਫ਼ਾਰਸ਼ ਕੀਤੀ ਜਾਂਦੀ ਹੈ:

- ਜਿਨ੍ਹਾਂ ਲੋਕਾਂ ਦਾ ਸੰਪਰਕ ਹੇਠ ਲਿਖੇ ਕਿਸੇ ਤਰੀਕੇ ਨਾਲ ਐਸੇ ਖ਼ੂਨ ਨਾਲ ਹੋਇਆ ਹੋਵੇ, ਜਿਸ ਬਾਰੇ ਹੈਪਾਟਾਈਟਿਸ ਬੀ ਦੀ ਇਨਫੈਕਸ਼ਨ ਹੋਣ ਦਾ ਪਤਾ ਹੋਵੇ ਜਾਂ ਸ਼ੱਕ ਹੋਵੇ:
  - ਟੀਕੇ ਵਾਲੀ ਵਰਤੀ ਗਈ ਸੂਈ ਚੁੱਭ ਗਈ ਹੋਵੇ
  - ਮੂੰਹ, ਨੱਕ, ਜਾਂ ਅੱਖਾਂ 'ਚ ਇਨਫੈਕਸ਼ਨ ਵਾਲੇ ਖ਼ੂਨ ਦੇ ਛਿੱਟੇ ਪੈ ਗਏ ਹੋਣ
  - ਹੈਪਾਟਾਈਟਿਸ ਬੀ ਇਨਫ਼ੈਕਸ਼ਨ ਵਾਲੇ ਕਿਸੇ ਵਿਅਕਤੀ ਵੱਲੋਂ ਕੱਟੇ ਗਏ ਹੋਣ, ਜਾਂ
  - ਘਰੇਲੂ ਚੀਜ਼ਾਂ, ਜਿਵੇਂ ਕਿ ਦੰਦਾਂ ਦਾ ਬੁਰਸ਼, ਦੰਦਾਂ 'ਚ ਫੇਰਨ ਵਾਲਾ ਧਾਗਾ ਜਾਂ ਉਸਤਰਾ, ਜਿਹੜੇ ਇਨਫੈਕਸ਼ਨ ਵਾਲੇ ਕਿਸੇ ਵਿਅਕਤੀ ਦੇ ਖ਼ੂਨ ਨਾਲ ਦੂਸ਼ਿਤ ਹੋਏ ਹੋਣ, ਨਾਲ ਸੰਪਰਕ ਹੋ ਗਿਆ ਹੋਵੇ।
- ਜਿਨ੍ਹਾਂ ਲੋਕਾਂ ਨੇ ਹੈਪਾਟਾਈਟਿਸ ਬੀ ਵਾਲੇ ਕਿਸੇ ਵਿਅਕਤੀ ਨਾਲ ਗੂੜ੍ਹਾ ਸੈਕਸ ਸਬੰਧ ਬਣਾਇਆ ਹੋਵੇ
- ਸੈਕਸ ਸਬੰਧੀ ਹਮਲੇ ਦੇ ਸ਼ਿਕਾਰ ਲੋਕ
- ਨਵੇਂ ਜੰਮੇ ਬੱਚੇ ਅਤੇ 12 ਮਹੀਨਿਆਂ ਤੋਂ ਛੋਟੇ ਬਾਲ ਜਿਨ੍ਹਾਂ ਦੀਆਂ ਮਾਵਾਂ ਨੂੰ ਹੈਪਾਟਾਈਟਿਸ ਬੀ ਦੀ ਇਨਫ਼ੈਕਸ਼ਨ ਹੈ।
- ਨਵੇਂ ਜੰਮੇ ਬੱਚੇ ਜਿਨ੍ਹਾਂ ਦੀਆਂ ਮਾਵਾਂ ਨੂੰ ਹੈਪਾਟਾਈਟਿਸ ਬੀ ਦੀ ਇਨਫੈਕਸ਼ਨ ਦਾ ਜ਼ਿਆਦਾ ਖ਼ਤਰਾ ਹੈ, ਜਿਵੇਂ ਕਿ ਟੀਕਾ ਲਾ ਕੇ ਡਰੱਗ ਦੀ ਵਰਤੋਂ ਕਰਨ ਵਾਲੀਆਂ ਜਾਂ ਸੈਕਸ ਦਾ ਧੰਦਾ ਕਰਨ ਵਾਲੀਆਂ।

ਹੈਪਾਟਾਈਟਿਸ ਬੀ ਵੈਕਸੀਨ ਦੀ ਇੱਕ ਖ਼ੁਰਾਕ ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਦੇ ਨਾਲ ਹੀ ਦਿੱਤੀ ਜਾ ਸਕਦੀ ਹੈ। ਇਨਫੈਕਸ਼ਨ ਤੋਂ ਪੂਰਨ ਤੌਰ ਤੇ ਅਤੇ ਲੰਮੇ ਸਮੇਂ ਲਈ ਬਚਾਅ ਪ੍ਰਦਾਨ ਕਰਨ ਲਈ ਹੈਪਾਟਈਟਿਸ ਬੀ ਵੈਕਸੀਨ ਦੀਆਂ ਦੋ ਹੋਰ ਖ਼ੁਰਾਕਾਂ ਬਾਅਦ ਵਿਚ ਦਿੱਤੀਆਂ ਜਾ ਸਕਦੀਆਂ ਹਨ। ਇਹ ਖ਼ੁਰਾਕਾਂ ਕਦੋਂ ਲੈਣੀਆਂ ਹਨ, ਇਸ ਬਾਰੇ ਜਾਣਨ ਲਈ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨਾਲ ਗੱਲ ਕਰੋ। ਵਧੇਰੇ ਜਾਣਕਾਰੀ ਲਈ HealthLink BC (ਹੈੱਲਥਲਿੰਕ ਬੀ.ਸੀ.) ਫ਼ਾਈਲ #25a ਹੈਪਾਟਾਈਟਿਸ ਬੀ ਵੈਕਸੀਨ ਵੇਖੋ।

## ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਦੇ ਕੀ ਫ਼ਾਇਦੇ ਹਨ?

ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਹੈਪਾਟਾਈਟਿਸ ਬੀ ਇਨਫੈਕਸ਼ਨ ਤੋਂ ਝਟਪਟ ਅਤੇ ਥੋੜ੍ਹੇ ਚਿਰ ਲਈ ਬਚਾਅ ਮੁਹੱਈਆ ਕਰਦਾ ਹੈ। ਇਹ ਬਿਮਾਰੀ ਨੂੰ ਰੋਕ ਸਕਦਾ ਹੈ ਜਾਂ ਇਸ ਦੀ ਤੀਬਰਤਾ ਨੂੰ ਘੱਟਾ ਸਕਦਾ ਹੈ।

## ਇਮਿਊਨ ਗਲੋਬੁਲਿਨ ਤੋਂ ਮਗਰੋਂ ਦੇ ਸੰਭਵ ਪ੍ਰਤੀਕਰਮ ਕੀ ਹਨ?

ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਦੇ ਆਮ ਪ੍ਰਤੀਕਰਮਾਂ ਵਿਚ ਜਿਸ ਥਾਂ ਲੋਦਾ ਲੱਗਿਆ ਹੋਵੇ ਉੱਥੋਂ ਦੁਖਣਾ ਅਤੇ ਖ਼ਾਰਸ਼ ਹੋਣਾ ਸ਼ਾਮਲ ਹੋ ਸਕਦੇ ਹਨ। ਹਲਕਾ ਬੁਖ਼ਾਰ ਜਾਂ ਆਮ ਬੇਆਰਾਮੀ ਵੀ ਹੋ ਸਕਦੀ ਹੈ।

> ਐਸੀਟਾਮੀਨੋਫ਼ੇਨ (Acetaminophen) ਜਾਂ ਟੈਲੀਨੋਲ (Tylenol®) ਬੁਖ਼ਾਰ ਲਈ ਅਤੇ ਦੁਖਣ ਤੋਂ ਦਿੱਤੀ ਜਾ ਸਕਦੀ ਹੈ। ASA ਜਾਂ ਐਸਪਰੀਨ (Aspirin®) ਰਾਈ ਸਿੰਡਰੋਮ ਦੇ ਖ਼ਤਰੇ ਕਾਰਨ 20 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਕੋਈ ਵੀ ਵੈਕਸੀਨ ਜਾਂ ਟੀਕਾ ਲਵਾਉਣ ਤੋਂ ਮਗਰੋਂ 15 ਮਿੰਟ ਕਲੀਨਿਕ ਵਿਚ ਰੁਕਣਾ ਮਹੱਤਵਪੂਰਨ ਹੈ ਕਿਉਂਕਿ ਭਾਵੇਂ ਬੇਹੱਦ ਹੀ ਘੱਟ, ਇੱਕ ਜਾਨ ਦੇ ਖ਼ਤਰੇ ਵਾਲੀ ਐਲਰਜੀ ਦੇ ਪ੍ਰਤੀਕਰਮ ਦੀ ਸੰਭਾਵਨਾ ਹੁੰਦੀ ਹੈ, ਜਿਸ ਨੂੰ ਐਨਾਫਾਇਲੈਕਸਿਸ ਕਿਹਾ ਜਾਂਦਾ ਹੈ। ਇਸ ਨਾਲ ਛਪਾਕੀ, ਸਾਹ ਲੈਣ ਵਿਚ ਤਕਲੀਫ਼ ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਹੋ ਸਕਦੀ ਹੈ। ਜੇਕਰ ਇੰਜ ਤੁਹਾਡੇ ਨਾਲ ਕਲੀਨਿਕ ਵਿਚੋਂ ਨਿਕਲ ਆਉਣ ਤੋਂ ਮਗਰੋਂ ਹੁੰਦਾ ਹੈ ਤਾਂ 911 ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਫੋਨ ਕਰੋ। ਇਸ ਪ੍ਰਤੀਕਰਮ ਦਾ ਇਲਾਜ ਹੋ ਸਕਦਾ ਹੈ ਅਤੇ ਇਹ ਟੀਕਾ ਲਗਵਾਉਣ ਵਾਲੇ ਦਸ ਲੱਖ ਲੋਕਾਂ ਵਿਚੋਂ ਇੱਕ ਤੋਂ ਵੀ ਘੱਟ ਨੂੰ ਹੁੰਦਾ ਹੈ।

ਗੰਭੀਰ ਜਾਂ ਅਚਨਚੇਤ ਪ੍ਰਤੀਕਰਮਾਂ ਦੀ ਰਿਪੋਰਟ ਹਮੇਸ਼ਾ ਆਪਣੇ ਸਿਹਤ ਸੰਭਾਲ ਕਰਨ ਵਾਲੇ ਨੂੰ ਕਰਨਾ ਬੜਾ ਮਹੱਤਵਪੂਰਨ ਹੈ।

## ਕਿਸ ਨੂੰ ਹੈਪਾਟਾਈਟਿਸ ਬੀ ਇਮਿਊਨ ਗਲੋਬੁਲਿਨ ਨਹੀਂ ਲੈਣਾ ਚਾਹੀਦਾ?

ਆਪਣੇ ਸਿਹਤ ਸੰਭਾਲ ਕਰਨ ਵਾਲੇ ਨਾਲ ਗਲ ਕਰੋ ਜੇ ਕਰ ਤੁਹਾਨੂੰ:

- ਖ਼ਸਰਾ, ਕੰਨ-ਪੇੜੇ, ਰੁਬੈਲਾ (MMR) ਜਾਂ ਛੋਟੀ ਮਾਤਾ ਤੋਂ ਬਚਾਅ ਲਈ ਬੀਤੇ 14 ਦਿਨਾਂ ਦੇ ਅੰਦਰ ਵੈਕਸੀਨ ਲਗਾਇਆ ਗਿਆ ਹੋਵੇ
- ਇਮਿਊਨ ਗਲੋਬੁਲਿਨ ਜਾਂ ਇਸ ਵਿਚਲੇ ਕਿਸੇ ਅੰਸ਼ ਦੀ ਕਿਸੇ ਪਹਿਲਾਂ ਦਿੱਤੀ ਖ਼ੁਰਾਕ ਨਾਲ ਜਾਂ ਲੇਟੈਕਸ (Latex) ਨਾਲ ਜਾਨ ਦੇ ਖ਼ਤਰੇ ਵਾਲਾ ਪ੍ਰਤੀਕਰਮ ਹੋਇਆ ਹੋਵੇ।

## ਹੈਪਾਟਾਈਟਿਸ ਬੀ ਇਨਫੈਕਸ਼ਨ ਕੀ ਹੈ?

ਹੈਪਾਟਾਈਟਿਸ ਬੀ ਇੱਕ ਵਾਇਰਸ ਹੈ ਜਿਹੜਾ ਜਿਗਰ 'ਤੇ ਹਮਲਾ ਕਰਦਾ ਹੈ। ਇਹ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਕਰ ਸਕਦਾ ਹੈ ਜਿਸ ਵਿਚ ਜਿਗਰ ਦਾ ਸਥਾਈ ਨੁਕਸਾਨ ਸਾਈਰੋਸਿਸ (cirrhosis) ਸ਼ਾਮਲ ਹੋ ਸਕਦਾ ਹੈ। ਹੈਪਾਟਾਈਟਿਸ ਬੀ ਜਿਗਰ ਦੇ ਕੈਂਸਰ ਦਾ ਵੀ ਮੁੱਖ ਕਾਰਨ ਹੈ, ਜਿਹੜਾ ਜਾਨ ਲੇਵਾ ਹੋ ਸਕਦਾ ਹੈ। ਹੈਪਾਟਾਈਟਿਸ ਬੀ ਵਾਇਰਸ ਇਨਫੈਕਸ਼ਨ ਵਾਲੇ ਕਿਸੇ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਖ਼ੂਨ ਜਾਂ ਸਰੀਰਕ ਦ੍ਰਵਾਂ ਦੇ ਸੰਪਰਕ ਦੁਆਰਾ ਫੈਲਦਾ ਹੈ। ਵਾਇਰਸ ਦੇ ਸਰੀਰ 'ਚ ਦਾਖਲ ਹੋਣ ਤੋਂ ਮਗਰੋਂ ਬਿਮਾਰੀ ਦੇ ਲੱਛਣ ਜਾਂ ਨਿਸ਼ਾਨੀਆਂ ਵਿਕਸਤ ਹੋਣ ਨੂੰ ਆਮ ਤੌਰ 'ਤੇ 2 ਤੋਂ 3 ਮਹੀਨੇ ਲੱਗਦੇ ਹਨ। ਹੈਪਾਟਾਈਟਿਸ ਬੀ ਵਾਲੇ ਕਈ ਲੋਕਾਂ ਵਿਚ ਕੋਈ ਰੋਗ-ਲੱਛਣ ਨਜ਼ਰ ਹੀ ਨਹੀਂ ਆਉਂਦੇ ਅਤੇ ਹੋ ਸਕਦਾ ਹੈ ਕਿ ਉਹ ਜਾਣਦੇ ਹੀ ਨਾ ਹੋਣ ਕਿ ਉਨ੍ਹਾਂ ਨੂੰ ਬਿਮਾਰੀ ਹੈ। ਬਿਮਾਰੀ ਦੇ ਲੱਛਣ ਹੋਣ ਜਾਂ ਨਾ ਹੋਣ, ਤੁਸੀਂ ਵਾਇਰਸ ਦੂਜਿਆਂ ਤੱਕ ਪਹੁੰਚਾ ਸਕਦੇ ਹੋ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਨਾਬਾਲਗ ਬੱਚੇ ਇਮਿਊਨਾਈਜ਼ੇਸ਼ਨ ਦੀ ਸਹਿਮਤੀ ਬਾਰੇ ਪਹਿਲਾਂ ਗੱਲਬਾਤ ਕਰ ਲੈਣ। ਇਮਿਊਨਾਈਜ਼ੇਸ਼ਨ ਤੋਂ ਪਹਿਲਾਂ ਮਾਪਿਆਂ/ਸਰਪ੍ਰਸਤਾਂ ਜਾਂ ਪ੍ਰਤੀਨਿਧਾਂ ਦੀ ਸਹਿਮਤੀ ਲੈਣ ਲਈ ਯਤਨ ਕੀਤੇ ਜਾਂਦੇ ਹਨ। ਪਰ ਫਿਰ ਵੀ 19 ਸਾਲ ਤੋਂ ਘੱਟ ਉਮਰ ਦੇ ਬੱਚੇ ਜਿਹੜੇ ਹਰ ਇੱਕ ਵੈਕਸੀਨ ਦੇ ਫ਼ਾਇਦਿਆਂ ਅਤੇ ਸੰਭਵ ਪ੍ਰਤੀਕਰਮਾਂ ਅਤੇ ਵੈਕਸੀਨ ਨਾ ਲੈਣ ਦੇ ਖ਼ਤਰਿਆਂ ਨੂੰ ਸਮਝਣ ਦੇ ਯੋਗ ਹੋਣ, ਉਹ ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ।

ਇਮਿਊਨਾਈਜ਼ੇਸ਼ਨ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਮਿਊਨਾਈਜ਼ ਬੀ.ਸੀ. ਦੀ ਵੈੱਬਸਾਈਟ

www.immunizebc.ca. ਦੇਖੋ।

> ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।
>
> ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।
>
> ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ
> **7-1-1** 'ਤੇ ਫੋਨ ਕਰ ਸਕਦੇ ਹਨ।
>
> ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ

BRITISH COLUMBIA | ImmunizeBC

BC Centre for Disease Control
AN AGENCY OF THE PROVINCIAL HEALTH SERVICES AUTHORITY